ਐਸ ਐਫ ਆਈ ਦੇ ਸੱਦੇ 'ਤੇ 29 ਜਨਵਰੀ ਦੀ ਹੜਤਾਲ ਬੇ-ਮਿਸਾਲ ਹੋਵੇਗੀ : ਦਲਿਓ

ਗੜ੍ਹਸ਼ੰਕਰ 28 ਜਨਵਰੀ (ਪ.ਪ.)- ਐਸ ਐਫ ਆਈ ਵੱਲੋਂ ਪੰਜਾਬ ਸਰਕਾਰ ਦੀਆਂ ਰਿਆਇਤੀ ਬੱਸ ਪਾਸ ਨੂੰ ਖੋਹਣ ਦੀਆਂ ਸਾਜ਼ਿਸ਼ਾਂ ਖਿਲਾਫ਼ ਅਤੇ ਭਖਦੀਆਂ ਮੰਗਾਂ ਨੂੰ ਲੈ ਕੇ ਇਕ ਲੱਖ ਦਸਤਖਤ-ਇਕ ਲੱਖ ਵਿਦਿਆਰਥੀ ਨਾਅਰੇ ਥੱਲੇ ਆਰੰਭਿਆ ਸੰਘਰਸ਼ ਦਿਨੋ-ਦਿਨ ਤਿੱਖਾ ਹੋ ਰਿਹਾ ਹੈ। ਸੰਘਰਸ਼ ਦੇ ਅਗਲੇ ਪੜਾਅ ਵਜੋਂ 29 ਜਨਵਰੀ ਦੀ ਸੂਬਾ ਪੱਧਰੀ ਹੜਤਾਲ ਬੇ-ਮਿਸਾਲ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਟੂਡੈਂਟਸ ਆਫ਼ ਇੰਡੀਆ ਪੰਜਾਬ ਦੇ ਸਕੱਤਰ ਸਵਰਨਜੀਤ ਸਿੰਘ ਦਲਿਓ ਨੇ ਅੱਜ ਇੱਥੇ ਇਕ ਵਿਦਿਆਰਥੀਆਂ ਦੀ ਭਰਵੀਂ ਮੀਟਿੰਗ ਵਿਚ ਕੀਤਾ। ਐਸ ਐਫ ਆਈ ਆਗੂ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਵਿਦਿਆਰਥੀ ਦੋਖੀ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ ਅਤੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ 20 ਕਿਲੋਮੀਟਰ ਤੱਕ ਮੁਫ਼ਤ ਬੱਸ ਸਫ਼ਰ ਸਹੂਲਤ ਯਕੀਨੀ ਬਣਾਈ ਜਾਵੇ ਪ੍ਰੰਤੂ ਸਰਕਾਰ ਅਜਿਹਾ ਕਰਨ ਦੀ ਬਜਾਏ ਰਿਆਇਤੀ ਬੱਸ ਪਾਸ ਦੇ ਰੇਟਾਂ ਜੋ ਕਿ ਹੁਣ 60 ਕਿਲੋਮੀਟਰ ਦੇ 180 ਰੁਪਏ ਬਣਦੇ ਹਨ ਦੀ ਰਾਸ਼ੀ ਵਧਾ ਕੇ 1080 ਕਰਨ ਜਾਂ ਫਿਰ ਪੁਲਿਸ ਮੁਲਾਜ਼ਮਾਂ ਵਾਂਗ ਵਿਦਿਆਰਥੀਆਂ ਤੇ ਵਾਊਚਰ ਸਿਸਟਮ ਲਾਗੂ ਕਰਨ ਦੀਆਂ ਤਜਵੀਜਾਂ ਘੜ ਰਹੀ ਹੈ। ਅਜਿਹੀਆਂ ਤਜਵੀਜਾਂ ਸਰਕਾਰ ਵੱਲੋਂ ਰਿਆਇਤੀ ਬੱਸ ਪਾਸ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਦਾ ਹਿੱਸਾ ਹਨ, ਜਿਸ ਨੂੰ ਐਸ ਐਫ ਆਈ ਸਫ਼ਲ ਨਹੀਂ ਹੋਣ ਦੇਵੇਗੀ। ਇਸ ਮੀਟਿੰਗ ਨੂੰ ਐਸ ਐਫ ਆਈ ਦੇ ਸਾਬਕਾ ਆਗੂ ਅੱਛਰ ਸਿੰਘ ਬਿਲੜੋ, ਕੁਲਵਿੰਦਰ ਸਿੰਘ ਸੰਘਾ, ਜਨਵਾਦੀ ਨੌਜਵਾਨ ਸਭਾ ਦੇ ਸੂਬਾ ਆਗੂ ਗੁਰਨੇਕ ਸਿੰਘ ਭੱਜਲ ਤੋਂ ਇਲਾਵਾ ਆਈ ਟੀ ਆਈ ਦੇ ਪ੍ਰਧਾਨ ਰਾਕੇਸ਼ ਕੁਮਾਰ ਮੰਗੀ, ਸਕੱਤਰ ਜਗਦੀਪ ਸਿੰਘ ਬਾਹੜਾ, ਕੁਲਦੀਪ ਰਾਏ ਜੱਸੀ, ਖਜ਼ਾਨਚੀ ਸਤਵੀਰ ਸਿੰਘ, ਅਜੈ ਕੁਮਾਰ ਆਈ ਸੀ, ਬਲਵਿੰਦਰ ਕੁਮਾਰ, ਮਨਜਿੰਦਰ ਕੁਮਾਰ ਨੇ ਵੀ ਸੰਬੋਧਨ ਕੀਤਾ।

ਵਾਅਦਿਆਂ ਤੋਂ ਮੁਨਕਰ ਹੋਈ ਸਰਕਾਰ ਬੇਰੁਜ਼ਗਾਰ ਅਧਿਆਪਕਾਂ ਨੂੰ ਚੂੰਡਣ ਲੱਗੀ-ਸੁਖਵਿੰਦਰ ਸਿੰਘ

ਪੱਖੋ ਕਲਾਂ, 28 ਜਨਵਰੀ (ਨਰੇਸ਼ ਗਰਗ)-ਚੋਣ ਮਨੋਰਥ ਪੱਤਰ ਵਿੱਚ 32000 ਅਧਿਆਪਕ ਰੈਗੂਲਰ ਭਰਤੀ ਕਰਨ ਦੇ ਲਈ ਵੱਖ-ਵੱਖ ਇਸ਼ਤਿਹਾਰ ਜਾਰੀ ਕਰਕੇ ਬੇਰੁਜ਼ਗਾਰ ਅਧਿਆਪਕਾਂ ਨੂੰ ਚੂੰਡਣ 'ਤ ਤੁਲੀ ਹੋਈ ਹੈ। ਉਕਤ ਸ਼ਬਦ ਬੇਰੁਜ਼ਗਾਰ ਬੀ.ਐਡ ਅਧਿਆਪਕਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀ. ਐਡ ਫਰੰਟ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਵਿੰਦਰ ਸਿੰਘ ਢਿੱਲਵਾਂ ਨੇ ਕਹੇ। ਉਨ੍ਹਾਂ ਸਟੇਟ ਪ੍ਰੋਜੈਕਟਾਂ ਡਾਇਰੈਕਟਰ ਰਾਸ਼ਟਰੀ ਅਧਿਆਪਕ ਸਿੱਖਿਆ ਅਭਿਆਸ ਅਥਾਰਟੀ ਪੰਜਾਬ ਵੱਲੋਂ 13 ਜਨਵਰੀ ਨੂੰ ਜਾਰੀ ਇਸ਼ਤਿਹਾਰ ਦੀਆਂ ਕਰੀਬ 560 ਅਸਾਮੀਆਂ ਦੇ ਪੰਜਾਬੀ ਅਧਿਆਪਕਾਂ ਦੀ ਤਨਖਾਹ 16500 ਦੇ ਮੁਕਾਬਲੇ 10000 ਦਰਸਾ ਕੇ ਪੰਜਾਬ ਅੰਦਰ ਮਾਂ ਬੋਲੀ ਪੰਜਾਬੀ ਦੇ ਮੱਥੇ 'ਤੇ ਕਲੰਕ ਲਾਉਣ ਦੀ ਨਿੰਦਾ ਵੀ ਕੀਤੀ। ਉਨ੍ਹਾਂ ਕਿਹਾ ਕਿ ਦਰਸਾਏ ਗਏ ਮਾਪਦੰਡਾਂ ਵਿੱਚ ਉਰਦੂ ਅਤੇ ਸਾਇੰਸ ਅਧਿਆਪਕਾਂ ਲਈ ਰੱਖੀਆਂ ਗਈਆਂ ਸ਼ਰਤਾਂ ਬੇਹੂਦਗੀ ਅਤੇ ਗੈਰ ਜ਼ਿੰਮੇਵਾਰਾਨਾ ਕਾਰਵਾਈ ਨੂੰ ਸਪੱਸ਼ਟ ਕਰਦੀਆਂ ਹਨ।

ਉਨ੍ਹਾਂ ਆਦਰਸ਼ ਸਕੂਲਾਂ ਅੰਦਰ ਪੰਜਾਬੀ ਮਾਧਿਅਮ ਨੂੰ ਖਤਮ ਕਰਨ 'ਤੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਅੰਦਰ ਸਰਕਾਰ ਨੇ ਵਿਦੇਸ਼ੀ ਕੰਪਨੀਆਂ ਅੱਗੇ ਗੋਡੇ ਟੇਕ ਕੇ ਮਾਂ ਬੋਲੀ ਪੰਜਾਬੀ ਦੀ ਬੇਹੁਰਮਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਖੁਦ ਸਰਕਾਰ ਜ਼ਿੰਮੇਵਾਰ ਹੋਵੇਗੀ, ਕਿਉਂਕਿ ਬੁੱਧੀਮਾਨ ਅਤੇ ਪੰਜਾਬੀ ਸਾਹਿਤਕਾਰ ਲੇਖਕ, ਵਰਗ ਅਜਿਹੀਆਂ ਘਿਨਾਉਣੀਆਂ ਹਰਕਤਾਂ ਨੂੰ ਕਦੇ ਸਹਿਣ ਨਹੀਂ ਕਰੇਗੀ।

ਉਨ੍ਹਾਂ ਨਾਮਾਤਰ ਪੋਸਟਾਂ ਲਈ ਭਰਵਾਏ ਜਾ ਰਹੇ ਫਾਰਮਾਂ ਨੂੰ ਪੈਸੇ ਇਕੱਠੇ ਕਰਨ ਦਾ ਢਕਵੰਜ ਕਿਹਾ, ਕਿਉਂਕਿ ਪਹਿਲਾਂ ਸਰਵ-ਸਿੱਖਿਆ ਅਭਿਆਨ ਵਿੱਚ ਵੰਡੇ ਗਏ ਫਾਰਮਾਂ ਨੂੰ ਹੀ ਗਿਣ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਦੁਬਾਰਾ ਅਪਲਾਈ ਕਰਨ ਦੇ ਖਰਚਿਆਂ ਤੋਂ ਬੇਰੁਜ਼ਗਾਰਾਂ ਦੀ ਬੱਚਤ ਹੋ ਸਕੇ।

ਡੀ.ਜੀ.ਐੱਸ.ਈ. ਵੱਲੋਂ ਬੇਰੁਜ਼ਗਾਰਾਂ ਅਤੇ ਮਾਤ ਭਾਸ਼ਾ ਪੰਜਾਬੀ ਨਾਲ ਕੀਤੇ ਜਾ ਰਹੇ ਖਿਲਵਾੜ ਦੀ ਜ਼ਿਲ੍ਹਾ ਮੀਤ ਪ੍ਰਧਾਨ ਨਵਕਿਰਨ ਪੱਤੀ ਵੱਲੋਂ ਜ਼ੋਰਦਾਰ ਨਿਖੇਧੀ ਕੀਤੀ ਗਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਖਦੀਪ ਤਪਾ, ਕੁਲਦੀਪ ਅਤੇ ਦਵਿੰਦਰ ਕੌਰ ਆਦਿ ਹਾਜ਼ਰ ਸਨ।

ਮਖੂ ਵਿਖੇ ਇਫਕੋ ਨੇ ਨੋਡਲ ਪੁਆਇੰਟ ਟ੍ਰੇਨਿੰਗ ਕੈਂਪ ਲਗਾਇਆ

ਮਖੂ, 28 ਜਨਵਰੀ (ਮੱਲ੍ਹੀ)-ਇਫਕੋ ਜ਼ੀਰਾ ਦੇ ਇੰਚਾਰਜ ਸ੍ਰੀ ਸੁਰੇਸ਼ ਕੁਮਾਰ ਗੌਤਮ ਵੱਲੋਂ ਮੰਡੀਕਰਨ ਸਭਾ ਮੱਖੂ ਵਿਖੇ ਨੋਡਲ ਪੁਆਇੰਟ ਕੇਂਦਰ ਲਗਾਇਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀ ਜਸਪਾਲ ਸਿੰਘ ਬਲਾਕ ਤੇ ਕਿਰਤੀ ਸਭਾਵਾਂ ਜ਼ੀਰਾ ਸਨ, ਇਸ ਪਰੋਗਰਾਮ ਵਿੱਚ ਸ੍ਰੀ ਸੁਰੇਸ਼ ਕੁਮਾਰ ਨੇ ਖਾਦਾਂ ਦੀ ਸਹੀ ਵਰਤੋਂ ਇਫਕੇ ਵੱਲੋਂ ਸਹਿਕਾਰਤਾ ਲਹਿਰ ਵਿੱਚ ਪਾਏ ਜਾ ਰਹੇ ਯੋਗਦਾਨ ਦਾ ਵੇਰਵੇ ਸਹਿਤ ਜ਼ਿਕਰ ਕੀਤਾ। ਡਾ. ਸਾਧੂ ਸਿੰਘ ਢਿੱਲੋਂ ਇੰਸਪੈਕਟਰ ਸਬਜ਼ੀਆਂ ਬੀਜਣ ਬਾਰੇ ਹੱਥੀ ਕੰਮ ਕਰਨ ਬਾਰੇ ਪ੍ਰੇਰਨਾ ਦਿੱਤੀ ਅਤੇ ਸੁਝਾਅ ਦਿੱਤਾ ਕਿ ਰੁੱਤ ਦੇ ਅਨੁਸਾਰ ਸਹਿਕਾਰੀ ਸਭਾਵਾਂ ਨੂੰ ਸਬਜ਼ੀ ਦੇ ਬੀਜਾਂ ਦੀਆਂ ਘੱਟ ਸਪਲਾਈ ਕੀਤੀਆਂ ਜਾਣ। ਸ੍ਰ. ਜਗਪਾਲ ਬਰਾੜ ਦੇ ਸਹਿਕਾਰੀ ਕਰਮਚਾਰੀਆਂ ਅਤੇ ਸ਼ਹਿਰੀਆਂ ਨੂੰ ਸਹਿਕਾਰੀ ਲਹਿਰ ਵਿੱਚ ਤਨਦੇਹੀ ਨਾਲ ਡਿਊਟੀ ਨਿਭਾਉਣ ਦੀ ਅਪੀਲ ਕੀਤੀ। ਇਸ ਸਮਾਗਮ ਵਿੱਚ ਬਲਜੀਤ ਸਿੰਘ ਇੰਸਪੈਕਟਰ ਸੁਰਿੰਦਰ ਸਿੰਘ ਮੈਨੇਜਰ, ਮੰਡੀ ਕਰਨ ਸਭਾ ਮੱਖੂ, ਸ੍ਰੀ ਕੁਲਦੀਪ ਸਿੰਘ ਬਰਾਂਚ ਮੈਨੇਜਰ, ਸੀ ਬੀ ਮਖੂ, ਸ੍ਰੀ ਜਗਦੀਸ਼ ਸਿੰਘ ਸੀਨੀਅਰ ਕਲਰਕ ਮਖੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਭਾਵਾਂ ਦੇ ਸਕੱਤਰ, ਸੇਲਜ਼ਮੈਨ ਪ੍ਰਬੰਧਕ ਹਾਜ਼ਰ ਸਨ।

ਹੀਰਾਂ ਸਕੂਲ 'ਚ ਝੰਡਾ ਲਹਿਰਾਉਣ ਦੀ ਰਸਮ ।

ਬਰਸੀ ਸ਼ਰਧਾ ਨਾਲ ਮਨਾਈ

ਤਪਾ ਮੰਡੀ, 28 ਜਨਵਰੀ (ਯਾਦੂ ਭੁੱਲਰ)-ਸੱਚਖੰਡ ਵਾਸੀ ਬਾਬਾ ਨਰਾਇਣ ਸਿੰਘ ਮੋਨੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ ਪੰਜਵੀਂ ਬਰਸੀ ਗੁਰਦੁਆਰਾ ਬਾਬਾ ਆਸ਼ਰਮ ਨਰੈਵਸਰ ਪਿੰਡ ਬੱਲੋਂ ਰੂੜਕੇ ਖੁਰਦ ਵਿਖੇ ਬਾਬਾ ਗੁਰਮੇਲ ਸਿੰਘ ਲਲਤੋਂ ਮਾਨਕਵਾਲ ਵਾਲਿਆਂ ਦੀ ਰਹਿਨੁਮਾਈ ਹੇਠ ਮਨਾਈ ਗਈ। ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਸਮਾਗਮ ਵਿੱਚ ਬਾਬਾ ਚਮਕੌਰ ਸਿੰਘ, ਭਾਈ ਰੂਪੇਵਾਲੇ, ਬਾਬਾ ਸ਼ਿਵਰਾਜ ਸਿੰਘ ਹੜੌਲੀ ਵਾਲੇ, ਬਾਬਾ ਪਿਆਰ ਦਾਸ ਗਿੱਤ ਪੱਤੀ, ਬਾਬਾ ਧਰਮਵੀਰ ਸਿੰਘ, ਘੁਰਾਰਾਏ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਅਤਵਾਰ ਸਿੰਘ ਧੂਲਕੋਟ ਵਾਲੇ, ਬਾਬਾ ਗੁਰਦਿਆਲ ਸਿੰਘ, ਬਾਬਾ ਟੇਕ ਸਿੰਘ ਧਨੌਲਾ ਮੈਂਬਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਜਥੇਦਾਰ ਸਰਪੰਚ ਦਰਸ਼ਨ ਸਿੰਘ ਰੂੜਕੇ ਖੁਰਦ, ਭਾਈ ਹਰਵਿੰਦਰ ਸਿੰਘ ਜ਼ਿਲ੍ਹਾ ਕਾਂਗਰਸ ਕਮੇਟੀ ਬਠਿੰਡਾ ਦੇ ਪ੍ਰਧਾਨ ਨਰਿੰਦਰ ਸਿੰਘ ਕੁਲੇਰੀਆਂ, ਸਰਪੰਚ ਬਲਵੀਰ ਕੌਰ ਬੱਲੋ, ਸਾਬਕਾ ਸਰਪੰਚ ਮੇਜਰ ਸਿੰਘ ਰੂੜਕੇ ਖੁਰਦ, ਜੋਗਿੰਦਰ ਸਿੰਘ ਬਠਿੰਡਾ, ਭਾਈ ਪਿਆਰਾ ਸਿੰਘ ਘੜੈਲੀ, ਗੁੰਬੀ ਦਰਸ਼ਨ ਸਿੰਘ, ਗੁਰਜੰਟ ਸਿੰਘ ਰੂੜਕੇ ਕਲਾਂ, ਕਿਸ਼ਨ ਸਿੰਘ ਬਰਨਾਲਾ, ਰਾਜ ਸਿੰਘ, ਜੁਗਰਾਜ ਸਿੰਘ ਰੂੜਕੇ ਕਲਾਂ, ਰਾਜ ਸਿੰਘ, ਗੁਰਦੁਆਰਾ ਟਿੱਬਾ ਤਪਾ ਦਰਾਜੇ ਕੇ, ਮੈਨੇਜਰ ਜੰਗ ਸਿੰਘ, ਭਾਈ ਸ਼ਮਸ਼ੇਰ ਸਿੰਘ, ਮੱਘਰ ਸਿੰਘ, ਸਤਨਾਮ ਸਿੰਘ, ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਾਜ਼ਰੀ ਲਵਾਈ।

ਖ਼ਬਰਨਾਮਾ

ਬਲਾਕ ਪੱਧਰੀ ਸਮਾਗਮ 7 ਫਰਵਰੀ ਨੂੰ ਸੜੋਆ 'ਚ

ਬਲਾਚੌਰ, 28 ਜਨਵਰੀ (ਪੱਤਰ ਪ੍ਰੇਰਕ)-ਸ੍ਰੀ ਗੁਰੂ ਰਵਿਦਾਸ ਸਭਾ ਬਲਾਕ ਸੜੋਆ ਵੱਲੋਂ ਬਲਾਕ ਪੱਧਰੀ ਭਗਤ ਰਵਿਦਾਸ ਮਹਾਰਾਜ ਜੀ ਦਾ ਸਾਲਾਨਾ ਆਗਮਨ ਦਿਵਸ 7 ਫਰਵਰੀ ਦਿਨ ਐਤਵਾਰ ਨੂੰ ਅਨਾਜ ਮੰਡੀ ਸੜੋਆ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਨਰਿੰਦਰ ਬੇਗਮਪੁਰੀ ਤੇ ਸੋਮਨਾਥ ਸੜੋਆ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਉਪਰੰਤ ਉੱਚ ਕੋਟੀ ਦੇ ਸੰਤ ਮਹਾਪੁਰਸ਼ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਦੁੱਖ ਦਾ ਪ੍ਰਗਟਾਵਾ

ਗਿੱਦੜਬਾਹਾ, 28 ਜਨਵਰੀ (ਰਾਜੀਵ)-ਗਿੱਦੜਬਾਹਾ ਦੇ ਪੱਤਰਕਾਰ ਰਾਜੀਵ ਬਾਂਸਲ ਦੇ ਨਾਨਾ ਸ੍ਰੀ ਚਿਰੰਜੀ ਲਾਲ ਗਰਗ ਦਾ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਤੇ ਸ਼ਹਿਰ ਦੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਨੇ ਡੂੰਘਾ ਸ਼ੋਕ ਪ੍ਰਗਟ ਕੀਤਾ ਹੈ। ਉਨ੍ਹਾਂ ਦੇ ਸਸਕਾਰ ਦੇ ਮੌਕੇ 'ਤੇ ਸ਼ਹਿਰ ਅਤੇ ਬਾਹਰ ਤੋਂ ਆਏ ਹਜ਼ਾਰਾਂ ਲੋਕ ਸ਼ਾਮਲ ਹਨ।

ਪ੍ਰਭਾਤ ਫੇਰੀਆਂ ਜਾਰੀ

ਗਿੱਦੜਬਾਹਾ, 28 ਜਨਵਰੀ (ਰਾਜੀਵ)-ਭਗਤ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਸਵਰਗੀ ਸੰਤ ਸ੍ਰੀ ਰਾਮਾ ਨੰਦ ਜੀ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਸਭਾ ਗਿੱਦੜਬਾਹਾ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 17 ਜਨਵਰੀ ਤੋਂ ਲਗਾਤਾਰ ਪ੍ਰਭਾਤ ਫੇਰੀਆਂ ਸ਼ੁਰੂ ਹਨ। ਸੰਗਤਾਂ ਹਰ ਰੋਜ਼ ਸਵੇਰੇ 5 ਵਜੇ ਤੋਂ ਸ੍ਰੀ ਗੁਰੂ ਰਵਿਦਾਸ ਮੰਦਰ ਪਹੁੰਚ ਕੇ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੁੰਦੀਆਂ ਹਨ। ਸੰਗਤਾਂ ਗਲੀ ਮੁਹੱਲਿਆਂ ਵਿੱਚੋਂ ਭਜਨ ਕੀਰਤਨ ਕਰਦੀਆਂ ਹਰ ਰੋਜ਼ ਲੋਕਾਂ ਨੂੰ ਸਵੇਰ ਵੇਲੇ ਨਿਹਾਲ ਕਰਦੀਆਂ ਹਨ। ਇਸੇ ਤਰ੍ਹਾਂ ਪਿਛਲੇ ਦਿਨੀਂ ਮੱਲ੍ਹਣ ਕਾਲੋਨੀ ਵਿੱਚ ਵੀ ਸ੍ਰੀ ਓਮ ਪ੍ਰਕਾਸ਼ ਪੂਨੀਆ ਜੀ ਦੇ ਘਰ ਸੰਗਤਾਂ ਵੱਲੋਂ ਭਜਨ ਕੀਰਤਨ ਕੀਤਾ ਗਿਆ। ਸ੍ਰੀ ਪੂਨੀਆ ਵੱਲੋਂ ਪਹੁੰਚੀ ਸੰਗਤ ਨੂੰ ਚਾਹ ਪਾਣੀ ਅਤੇ ਪ੍ਰਸਾਦਿ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰੂ ਰਵਿਦਾਸ ਸਭਾ ਗਿੱਦੜਬਾਹਾ ਦੇ ਪਧਾਨ ਸ੍ਰੀ ਰਾਜਿੰਦਰ ਕੁਮਾਰ, ਸਾਬਕਾ ਪ੍ਰਧਾਨ ਜੀਤ ਸਿੰਘ, ਮਾਸਟਰ ਬਾਬੂ ਰਾਮ, ਹੈਪੀ, ਬੰਟੀ ਦੇ ਇਲਾਵਾ ਬੱਚਿਆਂ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਸੰਤ ਸੰਮੇਲਨ 31 ਨੂੰ

ਗੜ੍ਹਸ਼ੰਕਰ 28 ਜਨਵਰੀ (ਪ.ਪ.) ਪਿੰਡ ਬੋੜਾ ਵਿਖੇ 31 ਜਨਵਰੀ ਦਿਨ ਐਤਵਾਰ ਨੂੰ ਦੂਜਾ ਸੰਤ ਸਮੇਲਨ ਸੁਗਰੀਵਾ ਨੰਦ ਜੀ ਮਹਾਰਾਜ, ਮਹਾਰਾਜ ਕਰਿਸ਼ਨਾ ਨੰਦ ਜੀ ਭੂਰੀ ਵਾਲਿਆ ਦੀ ਅਗਵਾਈ 'ਚ ਕਰਵਾਇਆ ਜਾ ਰਿਹਾ ਹੈ, ਜਿਸ 'ਚ ਸੰਤ ਸਵਾਮੀ ਸ਼ਕਰਾਨੰਦ ਜੀ ਭੂਰੀ ਵਾਲੇ ਧਾਮ ਤਲਵੰਡੀ ਖੁੱਰਦ, ਰਾਸ਼ਟਰੀਆ ਸੰਤ ਬਾਬਾ ਬਾਲ ਜੀ (ਉਨਾ), ਸੁਆਮੀ ਵੇਦ ਭਾਰਤੀ ਜੀ, ਸ੍ਰੀ ਮਾਇਆ ਬਹਿਨ ਜੀ , ਆਪਣੇ ਪ੍ਰਵਚਨਾ ਰਾਹੀਂ ਸੰਗਤਾ ਨੂੰ ਨਿਹਾਲ ਕਰਨਗੇ। ਇਸ ਮੌਕੇ ਚਾਹ ਦਾ ਲੰਗਰ ਅੱਟੁਟ ਵਰਤੇਗਾ। ਇਸ ਸੰਤ ਸੰਮੇਲਨ ਦੀ ਜਾਣਕਾਰੀ ਨਰਿੰਦਰ ਪੰਮਾ ਚੇਅਰਮੈਨ ਸਰਬ ਧਰਮ ਨੌਜਵਾਨ ਸੁਸਾਈਟੀ ਰਜਿ ਬੋੜਾ ਨੇ ਦਿੱਤੀ।

ਸਰਬਤ ਦੇ ਭਲੇ ਲਈ ਭੋਗ 31 ਨੂੰ

ਗੜ੍ਹਸ਼ੰਕਰ 28 ਜਨਵਰੀ (ਪ.ਪ.) 31 ਜਨਵਰੀ ਦਿਨ ਐਤਵਾਰ ਨੂੰ ਸਰਬਤ ਦੇ ਭੱਲੇ ਲਈ ਪਿੰਡ ਬਸਿਆਲਾ, ਡੋਗਰਪੁਰ, ਰਸੂਲਪੁਰ, ਬਕਾਪੁਰ ਗੁਰੂ ਦੀਆਂ ਸੰਗਤਾਂ ਵਲੋਂ ਸਾਹਿਬ ਸ੍ਰੀ ਆਖੰਡ ਪਾਠ ਜੀ ਦੇ ਭੋਗ ਪਾਏ ਜਾ ਰਹੇ ਹਨ। ਜਿਕਰਯੋਗ ਹੈ ਕਿ ਨੇੜਲੇ ਪਿੰਡਾ ਤੋਂ ਗੁਜਰਦੀ ਰੇਲਵੇ ਲਾਈਨ ਤੋਂ ਰੇਲ ਹਾਦਸਿਆਂ ਦੋਰਾਨ ਅਨੇਕਾ ਕੀਮਤੀ ਜਾਨਾਂ ਨੂੰ ਮੋਤ ਦਾ ਸ਼ਿਕਾਰ ਹੋਣਾ ਪਿਆ ਹੈ। ਜਿਸ ਕਾਰਣ ਸੇਵਾ ਮਿਸ਼ਨ ਵਲੋਂ ਇਹ ਸਰਬਤ ਦੇ ਭੱਲੇ ਲਈ ਸਾਹਿਬ ਸ੍ਰੀ ਆਖੰਡ ਪਾਠ ਜੀ ਦੇ ਭੋਗ ਪਾਏ ਜਾ ਰਹੇ ਹਨ।

ਚੰਬਰੇਵਾਲ ਮੁੜ ਬਾਰ ਕੌਂਸਲ ਦੇ ਪ੍ਰਧਾਨ ਬਣੇ

ਬਲਾਚੌਰ, 28 ਜਨਵਰੀ (ਪੱਤਰ ਪ੍ਰੇਰਕ)-ਬਾਰ ਐਸੋਸੀਏਸ਼ਨ ਦੀ ਸਾਲਾਨਾ ਚੋਣ ਐਡਵੋਕੇਟ ਲਲਿਤ ਚੌਧਰੀ ਦੀ ਨਿਗਰਾਨੀ ਹੇਠ ਹੋਈ, ਜਿਸ ਵਿੱਚ ਸ੍ਰੀ ਦੌਲਤ ਸਿੰਘ ਚੰਬਰੇਵਾਲ ਪ੍ਰਧਾਨ, ਸ੍ਰੀ ਜਤਿੰਦਰ ਕੁਮਾਰ ਅਗਨੀਹੋਤਰੀ ਮੀਤ ਪ੍ਰਧਾਨ, ਸ੍ਰੀ ਕ੍ਰਿਪਾਲ ਸਿੰਘ ਜੰਡੀ ਸਕੱਤਰ ਅਤੇ ਸ੍ਰੀ ਦੀਨੇਸ਼ ਭਾਰਦਵਾਜ ਕੈਸ਼ੀਅਰ ਚੁਣੇ ਗਏ।

ਜਗਰਾਉ 'ਚ ਚਾਹ ਦਾ ਲੰਗਰ ਸੰਗਰਾਂਦ ਤਕ ਨਿਰੰਤਰ ਜਾਰੀ ਰਹੇਗਾ

ਜਗਰਾਉਂ, 28 ਜਨਵਰੀ (ਵਿਯੋਗ ਜਗਰਾਨਵੀ)-ਮਾਘ ਮਹੀਨੇ ਦੀ ਮਹਿਮਾ ਨੂੰ ਜਾਰੀ ਰੱਖਣ ਦੇ ਉਦੇਸ਼ ਹਿੱਤ ਗੁਰਦੁਆਰਾ ਮੋਰੀ ਗੇਟ ਦੇ ਨੇੜੇ ਚੌਕ ਵਿੱਚ ਨੌਜਵਾਨਾਂ ਵੱਲੋਂ ਪਹਿਲੀ ਮਾਘ ਤੋਂ ਫਗਣ ਤੱਕ ਦੀ ਸਗਰਾਂਦ ਤਕ ਸਵੇਰੇ 5 ਵਜੇ ਤੋਂ ਚਾਹ ਦਾ ਲੰਗਰ ਨਿਰੰਤਰ ਜਾਰੀ ਰੱਖਣ ਦਾ ਨਿਰਣਾ ਲਿਆ ਗਿਆ ਹੈ। ਉਕਤ ਉਤਸ਼ਾਹੀ ਨੌਜਵਾਨ ਤੜਕੇ ਹੀ ਆਉਣ ਜਾਣ ਵਾਲੀ ਸੰਗਤ ਨੂੰ ਚਾਹ ਛਕਾ ਰਹੇ ਹਨ।

ਦੁੱਖ ਦਾ ਪ੍ਰਗਟਾਵਾ

ਫਤਿਹਗੜ੍ਹ ਸਾਹਿਬ 28 ਜਨਵਰੀ (ਬਲਜਿੰਦਰ ਸਿੰਘ) = ਹਫਤਾਵਾਰੀ ਅਖਬਾਰ 'ਸਰਹਿੰਦ ਫਤਿਹਗੜ੍ਹ ਟੂਡੇ' ਦੇ ਸੰਪਾਦਕ ਜਸਵੰਤ ਸਿੰਘ ਨੂੰ ਉਦੋਂ ਭਾਰੀ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਪਿੰਡ ਚਨਾਰਥਲ ਕਲ੍ਹਾ ਰਹਿੰਦੇ ਚਾਚਾ ਜੀ ਸ੍ਰ: ਤੇਜਾ ਸਿੰਘ ਚਨਾਰਥਲ ਕਲ੍ਹਾ ਪਿਛਲੇ ਦਿਨੀ 22 ਜਨਵਰੀ 2010 ਨੂੰ ਅਕਾਲ ਪੁਰਖ ਦੇ ਚਰਨਾ ਵਿੱਚ ਜਾ ਬਿਰਾਜੇ। ਸਵ: ਤੇਜਾ ਸਿੰਘ ਕਬੱਡੀ ਦੇ ਉੱਘੇ ਖਿਡਾਰੀ ਰਹਿ ਚੁੱਕੇ ਹਨ। ਹੁਣ ਉਨ੍ਹਾਂ ਦੀ ਉਮਰ 60 ਸਾਲ ਦੇ ਕਰੀਬ ਸੀ। ਸਵ: ਤੇਜਾ ਸਿੰਘ ਨਮਿਤ ਅੰਤਿਮ ਅਰਦਾਸ 31 ਜਨਵਰੀ 2010 ਨੂੰ ਪਿੰਡ ਚਨਾਰਥਲ ਕਲ੍ਹਾ ਵਿਖੇ ਦੁਪਿਹਰ 1 ਤੋਂ 2 ਵਜੇ ਤੀਕ ਹੋਵੇਗੀ। ਪ੍ਰੈਸ ਕਲੱਬ ਸਰਹਿੰਦ, ਹਲਕਾ ਵਿਧਾਇਕ ਦੀਦਾਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਸਾਬਕਾ ਮੰਤਰੀ ਡਾ: ਹਰਬੰਸ ਲਾਲ, ਰਣਜੀਤ ਸਿੰਘ ਲਿਬੜਾ, ਜ਼ਿਲ੍ਹਾ ਕਾਂਗਰਸ ਪ੍ਰਧਾਨ ਲਖਵੀਰ ਸਿੰਘ ਰਾਏ, ਕੇਵਲ ਸਿੰਘ ਲੋਕ ਭਲਾਈ ਪਾਰਟੀ, ਸਾਧੂ ਰਾਮ ਭੱਟਮਾਜਰਾ ਆਦਿ ਨੇਤਾਵਾਂ ਨੇ ਸਵ: ਤੇਜਾ ਸਿੰਘ ਦੀ ਹੋਈ ਬੇਵਕਤ ਮੌਤੇ ਤੇ ਗਹਿਰੇ ਦੁੱਖ ਪ੍ਰਗਟਾਵਾਂ ਕਰਦਿਆ ਪਰਿਵਾਰ ਨਾਲ ਹਮਦਰਦੀ ਜਿਤਾਈ।

ਗਣਤੰਤਰ ਦਿਵਸ ਮਨਾਇਆ

ਜਲੰਧਰ, 28 ਜਨਵਰੀ (ਮਨਜੀਤ ਸਿੰਘ)-ਭਾਰਤ ਦੇ 60ਵੇਂ ਗਣਤੰਤਰ ਦਿਵਸ ਦੇ ਮੌਕੇ ਲਾਇਨ ਕਲੱਬ ਪੂਜਾ ਵੱਲੋਂ ਰਾਸ਼ਟਰੀ ਅੰਧ ਵਿਦਿਆਲਾ ਵਿਖੇ ਤਰੰਗਾ ਲਹਿਰਾ ਕੇ ਭਾਰਤ ਦੀ ਆਜ਼ਾਦੀ ਦੇ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਵੱਲੋਂ ਵਿਦਿਆਲਾ ਨੂੰ ਰਾਸ਼ਨ ਅਤੇ ਫਲ ਦਿੱਤੇ ਗਏ। ਇਸ ਮੌਕੇ ਕਲੱਬ ਦੇ ਪ੍ਰਧਾਨ ਰਾਕੇਸ਼ ਸ਼ਰਮਾ ਤੋਂ ਇਲਾਵਾ ਉਪ ਗਵਰਨਰ ਦੀ ਦੌੜ ਵਿੱਚ ਸ਼ਾਮਲ ਦਵਿੰਦਰ ਸਿੰਘ ਕਾਲੜਾ ਸਮੇਤ ਰਾਜੀਵ ਪ੍ਰਾਸ਼ਰ ਪੀ.ਆਰ.ਓ., ਡਾ. ਮਨੀਸ਼ ਮਹਿਤਾ, ਅਮਰੀਕ ਸਿੰਘ ਸੈਣੀ, ਪ੍ਰੇਮ ਅੱਗਰਵਾਲ, ਰਾਕੇਸ਼ ਚਾਵਲਾ ਉਪ ਜ਼ਿਲ੍ਹਾ ਪੀ.ਆਰ.ਓ., ਐਸ.ਐੱਸ.ਦੱਤਾ, ਮਨਮੋਹਨ ਸਿੰਘ ਤੇ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਦੋ ਨੌਜਵਾਨਾਂ ਵੱਲੋਂ ਬੱਚੇ ਨੂੰ ਅਗਵਾ ਕਰਨ ਦੀ ਕੋਸ਼ਿਸ਼ ਨਾਕਾਮ

ਮੁਕਤਸਰ 28 ਜਨਵਰੀ (ਬਲਜੀਤ ਸਿੰਘ ਸੰਧੂ, ਅਵਤਾਰ ਬਰਾੜ)-ਇੱਥੋਂ ਨਾਲ ਲਗਦੇ ਪਿੰਡ ਉਦੇਕਰਨ ਵਿੱਚ ਅੱਜ ਸਵੇਰੇ ਦੋ ਨੌਜਵਾਨਾਂ ਵੱਲੋਂ ਇੱਕ ਅਮੀਰ ਘਰ ਦੇ ਬੱਚੇ ਨੂੰ ਅਗਵਾ ਕਰਨ ਦੀ ਕੀਤੀ ਗਈ ਕੋਸ਼ਿਸ਼ ਨਾਕਾਮ ਹੋ ਗਈ। ਪ੍ਰਾਪਤ ਵੇਰਵੇ ਅਨੁਸਾਰ ਪਿੰਡ ਦੇ ਹੀ ਵਸਨੀਕ ਸ. ਅੰਗਰੇਜ ਸਿੰਘ ਦਾ ਪੁੱਤਰ ਬਲਦੇਵ ਸਿੰਘ ਅਤੇ ਉਸਦਾ ਇੱਕ ਸਾਥੀ ਗੁਰਸਾਹਿਬ ਸਿੰਘ ਉਰਫ ਸਾਹਬਾ ਪੁੱਤਰ ਕ੍ਰਿਪਾਲ ਸਿੰਘ ਵਾਸੀ ਪੀਰ ਮੁਹੰਮਦ (ਫਿਰੋਜਪੁਰ) ਸਵੇਰੇ ਸ. ਬਲਧੀਰ ਸਿੰਘ ਦੇ ਘਰ ਉਦੋਂ ਦਾਖਲ ਹੋ ਗਏ ਜਦੋਂ ਬਲਧੀਰ ਸਿੰਘ ਆਪਣੀ ਲੜਕੀ ਨੂੰ ਬੱਸ ਚੜ੍ਹਾਉਣ ਲਈ ਸ਼ਹਿਰ ਵੱਲ ਗਿਆ ਹੋਇਆ ਸੀ। ਘਰ ਵਿੱਚ ਦਾਖਲ ਹੋ ਕੇ ਦੋਵੇਂ ਅਗਵਾਕਾਰ ਕੋਠੀ ਦੇ ਬੈੱਡਰੂਮ ਵਿੱਚ ਦਾਖਲ ਹੋ ਗਏ ਅਤੇ ਬੈੱਡ ਤੇ ਸੁੱਤੇ ਪਏ ਬਲਧੀਰ ਸਿੰਘ ਦੇ 13 ਸਾਲਾ ਪੁੱਤਰ ਸੁਖਪਿੰਦਰ ਸਿੰਘ ਨੂੰ ਚਾਕੂ ਦਿਖਾ ਕੇ ਆਪਣੇ ਕਾਬੂ ਵਿੱਚ ਕਰ ਲਿਆ। ਉਸ ਵਕਤ ਘਰ ਵਿੱਚ ਮੌਜੂਦ ਲੜਕੇ ਦੀ ਮਾਂ ਗੁਰਵਿੰਦਰ ਕੌਰ ਜੋਕਿ ਘਰ ਦੀ ਦੂਜੀ ਮੰਜ਼ਿਲ ਤੇ ਚਾਹ ਬਣਾ ਰਹੀ ਸੀ। ਗੁਰਵਿੰਦਰ ਕੌਰ ਆਪਣੇ ਪੁੱਤਰ ਦੀਆਂ ਚੀਕਾਂ ਸੁਣਕੇ ਰੌਲਾ ਪਾਉਣ ਲੱਗ ਪਈ ਤੇ ਇਸ ਦੌਰਾਨ ਅਗਵਾਕਾਰਾਂ ਜਿੰਨ੍ਹਾਂ ਦੇ ਮੂੰਹ ਪੂਰੀ ਤਰ੍ਹਾਂ ਢਕੇ ਹੋਏ ਸਨ ਨੇ ਬੱਚੇ ਦੀ ਕਨਪਟੀਨਕਲੀ ਪਿਸਤੌਲ ਤੇ ਚਾਕੂ ਲਗਾਕੇ ਗੁਰਵਿੰਦਰ ਕੌਰ ਤੋਂ ਘਰ ਵਿੱਚ ਪਏ ਪੈਸੇ ਅਤੇ ਕਾਰ ਦੀ ਮੰਗ ਕੀਤੀ ਤਾਂ ਜੋ ਉਹ ਬੱਚੇ ਸੁਖਪਿੰਦਰ ਸਿੰਘ ਨੂੰ ਲਿਜਾ ਸਕਣ। ਇਸੇ ਦੌਰਾਨ ਗੁਰਵਿੰਦਰ ਸਿੰਘ ਦਾ ਰੌਲਾ ਸੁਣਕੇ ਗੁਆਂਢ ਵਿੱਚ ਰਹਿੰਦਾ ਸੂਬਾ ਸਿੰਘ, ਸੁਖਦੇਵ ਸਿੰਘ, ਸਤਨਾਮ ਸਿੰਘ ਸਮੇਤ ਕਰੀਬ 10-12 ਬੰਦੇ ਮੌਕੇ ਤੇ ਪੁੱਜ ਗਏ ਅਤੇ ਬਲਧੀਰ ਸਿੰਘ ਦੇ ਵਾਪਸ ਆਉਣ ਤੇ ਅਗਵਾਕਾਰਾਂ ਨੂੰ ਚੁਣੌਤੀ ਦਿੱਤੀ ਅਤੇ ਕਮਰੇ ਦੇ ਸ਼ੀਸ਼ੇ ਤੋੜਕੇ ਅੰਦਰ ਦਾਖਲ ਹੋ ਗਏ ਅਤੇ ਦੋਹਾਂ ਅਗਵਾਕਾਰਾਂ ਨੂੰ ਕਾਬੂ ਕਰ ਲਿਆ। ਮੌਕੇ ਤੇ ਮੌਜੂਦ ਪਿੰਡ ਵਾਸੀਆਂ ਨੇ ਦੱਸਿਆ ਕਿ ਲੋਕਾਂ ਦੀ ਕੁੱਟ ਦੌਰਾਨ ਅਗਵਾਕਾਰਾਂ ਨੇ ਮੰਨਿਆ ਕਿ ਉਨ੍ਹਾਂ ਸੁਖਪਿੰਦਰ ਸਿੰਘ ਨੂੰ ਅਗਵਾ ਕਰਕੇ ਅੱਗੋਂ ਹੋਰਨਾਂ ਅਗਵਾਕਾਰਾਂ ਨੂੰ ਸੌਂਪਣਾਂ ਸੀ ਤੇ 20 ਲੱਖ ਰੁਪਏ ਮੰਗੇ ਜਾਣੇ ਸਨ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਇਸ ਵਰਤਾਰੇ ਵਿੱਚ ਉਪਰੋਕਤ ਦੋਹਾਂ ਤੋਂ ਇਲਾਵਾ ਪਿੰਡ ਦੇ ਇੱਕ ਮਾਸਟਰ ਤੋਂ ਇਲਾਵਾ ਸੋਨੂੰ ਵਾਸੀ ਸ਼ੀਹਾਂਪਾੜੀ (ਮਖੂ), ਬਾਬਾ ਅਤੇ ਮੌੜਾ ਨਾਂ ਦੇ ਵਿਅਕਤੀ ਵੀ ਸ਼ਾਮਲ ਹਨ। ਪੁਲਿਸ ਵੱਲੋਂ ਦੋਸ਼ੀਆਂ ਵਿਰੁੱਧ ਜ਼ੇਰਧਾਰਾ 395/394/364/511 ਹਿੰਦ ਦੰਡਾਵਲੀ ਪਰਚਾ ਦਰਜ ਕਰਨ ਉਪਰੰਤ ਦੋਹਾਂ ਤੋਂ ਪੁੱਛਗਿੱਛ ਦਾ ਸਿਲਸਲਾ ਜਾਰੀ ਹੈ।

ਸੇਵਾ ਸਦਨ ਧਨੌਲਾ ਵੱਲੋਂ ਲਗਾਏ ਮੁਫਤ ਅੱਖਾਂ ਦੇ ਅਪ੍ਰੇਸ਼ਨ ਕੈਂਪ ਦੀਆਂ ਝਲਕੀਆਂ। ਫੋਟੋ: ਦਰਸ਼ਨ ਸਿੰਘ ਬੰਗੜ

ਅੱਖਾਂ ਦਾ ਮੁਫ਼ਤ ਲੈਂਜ ਓਪਰੇਸ਼ਨ ਕੈਂਪ ਲਗਾਇਆ

ਧਨੌਲਾ, 28 ਜਨਵਰੀ (ਦਰਸ਼ਨ ਸਿੰਘ ਬੰਗੜ): ਸੇਵਾ ਸਦਨ (ਰਜਿ:) ਧਨੌਲਾ ਵਲੋਂ ਅੱਠਵਾਂ ਅੱਖਾਂ ਦਾ ਮੁਫ਼ਤ ਲੈਂਜ ਓਪਰੇਸ਼ਨ ਕੈਂਪ ਨਿਰਮਲ ਸਿੰਘ ਯੂ.ਐੱਸ.ਏ. ਦੇ ਵਿਸ਼ੇਸ਼ ਸਹਿਯੋਗ ਨਾਲ, ਸਿਵਲ ਸਰਜਨ ਬਰਨਾਲ ਡਾ. ਚੰਦਰ ਮੋਹਨ ਅਤੇ ਐੱਸ.ਐੱਮ.ਓ. ਧਨੌਲਾ ਡਾ. ਗਿਆਨ ਚੰਦ ਦੀ ਸਰਪ੍ਰਸਤੀ ਹੇਠ ਸਰਕਾਰੀ ਹਸਪਤਾਲ ਧਨੌਲਾ ਦੇ ਮੀਟਿੰਗ ਹਾਲ ਵਿਖੇ ਲਗਾਇਆ ਗਿਆ ਜਿਸ ਦਾ ਉਦਘਾਟਨ ਸ੍ਰੀ ਹਰੀ ਦੇਵ ਸ਼ਰਮਾ ਨੇ ਰੀਬਨ ਕੱਟ ਕੇ ਕੀਤਾ। ਇਸ ਕੈਂਪ ਵਿਚ ਅੱਖਾਂ ਦੀਆਂ ਬੀਮਾਰੀਆਂ ਦੇ ਮਾਹਰ ਡਾ. ਪਰਮਜੀਤ ਸਿੰਘ (ਅੰਬਾਲੇ ਵਾਲੇ) ਅਤੇ ਅਪਥਾਲਮਿਕ ਅਫ਼ਸਰ ਡਾ. ਸੁਰੇਸ਼ ਰਾਣੀ ਨੇ ਆਪਣੀ ਪੂਰੀ ਟੀਮ ਸਮੇਤ ਪਹੁੰਚਕੇ 350 ਮਰੀਜ਼ਾ ਦੀਆਂ ਅੱਖਾਂ ਦਾ ਚੈੱਕ ਅਪ ਕੀਤਾ ਜਿਨ੍ਹਾਂ ਵਿਚੋਂ 67 ਲੋੜਬੰਦ ਮਰੀਜ਼ਾ ਦੇ ਅਪ੍ਰੇਸ਼ਨ ਕਰਕੇ ਲੈਂਜ ਪਾਏ ਗਏ ਅਤੇ 125 ਮਰੀਜ਼ਾ ਦੀਆਂ ਅੱਖਾਂ ਦਾ ਚੈੱਕ ਅਪ ਕਰਕੇ ਐਨਕਾਂ ਦੇ ਨੰਬਰ ਦਿੱਤੇ ਗਏ। ਕੈਂਪ ਵਿਚ ਦਵਾਈਆਂ ਅਤੇ ਐਨਕਾਂ ਸੇਵਾ ਸਦਨ ਵਲੋਂ ਮੁਫ਼ਤ ਦਿੱਤੀਆਂ ਗਈਆਂ। ਕੈਂਪ ਵਿਚ ਪਹੁੰਚੀਆਂ ਅਹਿਮ ਸਖਸ਼ੀਅਤਾ ਨੂੰ ਸੇਵਾ ਸਦਨ ਦੇ ਪ੍ਰਧਾਨ ਸ੍ਰੀ ਜੈ ਪਾਲ ਗਰਗ, ਦੀਪ ਕੁਮਾਰ ਗੋਇਲ, ਪ੍ਰੇਮ ਕੁਮਾਰ ਗੋਇਲ, ਅੰਗਰੇਜ ਕੁਮਾਰ ਬਾਂਸਲ ਨੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਕੈਂਪ ਨੂੰ ਸਫ਼ਲ ਬਣਾਉਣ ਲਈ ਜਗਰਾਜ ਸਿੰਘ, ਲੀਲਾ ਸਿੰਘ, ਮਹੰਤ ਬੰਤ ਦਾਸ, ਰਾਕੇਸ਼ ਕੁਮਾਰ, ਮਹੰਤ ਚਰਨ ਦਾਸ, ਦੇਵ ਰਾਜ ਆਦਿ ਸਮੂਹ ਮੈਂਬਰਾਂ ਨੇ ਕੰਮ ਕੀਤਾ।

ਬੱਸ ਥੱਲੇ ਸਕੂਟਰ ਆਉਣ ਨਾਲ ਇੱਕ ਜ਼ਖਮੀ

ਬੁੱਲ੍ਹੋਵਾਲ, 28 ਜਨਵਰੀ (ਪ.ਪ.)-ਕਸਬਾ ਬੁੱਲ੍ਹੋਵਾਲ ਦੇ ਬੱਸ ਅੱਡੇ ਉੱਤੇ ਇੱਕ ਬੱਸ ਹੇਠਾਂ ਸਕੂਟਰ ਦੇ ਆ ਜਾਣ ਕਾਰਨ ਇੱਕ ਵਿਅਕਤੀ ਦੇ ਜ਼ਖਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਉੱਤੇ ਇਕੱਤਰ ਕੀਤੀ ਹੋਈ ਜਾਣਕਾਰੀ ਅਨੁਸਾਰ ਸਕੂਟਰ ਸਵਾਰ ਤੀਰਥ ਰਾਮ ਪੁੱਤਰ ਅਮਰ ਚੰਦ ਵਾਸੀ ਪੁਰਹੀਰਾਂ ਸਵੇਰੇ ਤਕਰੀਬਨ 9 ਵਜੇ ਆਪਣੇ ਸਕੂਟਰ ਪੀ.ਬੀ. 07 ਜੀ 9102 'ਤੇ ਸਵਾਰ ਹੋ ਕੇ ਕਸਬਾ ਬੁੱਲ੍ਹੋਵਾਲ ਤੋ ਥੋੜ੍ਹੀ ਦੂਰ ਪਿੰਡ ਆਪਣੇ ਕਿਸੇ ਨਿੱਜੀ ਕੰਮ ਲਈ ਬੁਰੇ ਜੱਟਾਂ ਜਾ ਰਿਹਾ ਸੀ ਤੇ ਜਦ ਉਹ ਬੁੱਲ੍ਹੋਵਾਲ ਦੇ ਬੱਸ ਅੱਡੇ ਵਿੱਚ ਪਹੁੰਚਾ ਤਾਂ ਬੁੱਲ੍ਹੋਵਾਲ ਬੱਸ ਅੱਡੇ ਅੰਦਰ ਦਾਖਲ ਹੋ ਰਹੀ ਪ੍ਰਾਈਵੇਟ ਬੱਸ ਨਾਗਰਾ ਕੰਪਨੀ ਦੀ ਬੱਸ, ਜਿਸ ਦਾ ਨੰਬਰ ਪੀ.ਬੀ. 0-ਏ-9561 ਜਿਸ ਨੂੰ ਡਰਾਈਵਰ ਜਗਦੇਵ ਸਿੰਘ ਚਲਾ ਰਿਹਾ ਸੀ, ਉਸ ਦਾ ਸਕੂਟਰ ਬੱਸ ਦੇ ਥੱਲੇ ਜਾ ਵੜਿਆ। ਜਿਸ ਦੇ ਸਿੱਟੇ ਵਜੋਂ ਸਕੂਟਰ ਸਵਾਰ ਤੀਰਥ ਰਾਮ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਤੇ ਸਕੂਟਰ ਦੇ ਬੱਸ ਥੱਲੇ ਆਉਣ ਦੇ ਕਾਰਨ ਟੁੱਟ ਗਿਆ ਤੇ ਬਾਅਦ ਵਿੱਚ ਲੋਕਾਂ ਦੀ ਮਦਦ ਨਾਲ ਥੱਲਿਓਂ ਕੱਢਿਆ ਗਿਆ ਅਤੇ ਉਸ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ।

ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ

ਕੁਹਾੜਾ 28 ਜਨਵਰੀ (ਗੁਰਨਾਮ) ਨਜਦੀਕੀ ਸਰਕਾਰੀ ਹਾਈ ਸਕੂਲ ਹੀਰਾਂ ਵਿਖੇ ਗਣਤੰਤਰਤਾਂ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਝੰਡੇ ਲਹਿਰਾਉਣ ਦੀ ਰਸ਼ਮ ਯੂਥ ਕਾਂਗਰਸ ਦੇ ਮੀਤ ਪ੍ਰਧਾਨ ਜਸਵੀਰ ਸਿੰਘ ਬਰਵਾਲਾ ਤੇ ਸਰਪੰਚ ਕਰਨੈਲ ਸਿੰਘ ਵੱਲੋ ਅਦਾ ਕੀਤੀ ਗਈ। ਇਸ ਸਮੇ ਜੋਰਾ ਸਿੰਘ, ਸ਼੍ਰੀਮਤੀ ਹਰਜਿੰਦਰ ਕੌਰ, ਸ਼੍ਰੀਮਤੀ ਚਰਨ ਕੌਰ, ਤਿੰਨੋਂ ਮੈਂਬਰ ਪੰਚਾਇਤ ਤੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਰਿਪੀ ਹਾਜਰ ਸਨ। ਇਸ ਉਪਰੰਤ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਤੇ ਕੋਰਉਗ੍ਰਾਫੀ ਰਾਹੀਂ ਸਕਿਟਾਂ ਪੇਸ਼ ਕਰਕੇ ਸਾਰਿਆਂ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਅਧਿਆਪਕਾਂ ਸ਼੍ਰੀਮਤੀ ਸਿਵਾਨੀ ਅਨੇਜਾ, ਬਵੀਤਾ ਰਾਣੀ, ਰੈਨੂੰ ਬਾਲਾ, ਬਲਜਿੰਦਰ ਕੌਰ ਤੇ ਰੁਪਿੰਦਰ ਕੌਰ ਸ਼ਾਮਲ ਸਨ। ਇਸੇ ਤਰ੍ਹਾਂ ਜੰਡਿਆਲੀ ਵਿਖੇ ਗਣਤੰਤਰ ਦਿਵਸ ਮੌਕੇ ਯੂਥ ਕਾਂਗਰਸੀ ਆਗੂ ਜਗਵੀਰ ਸਿੰਘ ਜੱਗੀ ਤੇ ਜਸਵੀਰ ਸਿੰਘ ਜੱਸੀ ਵੱਲੋ ਲੱਡੂ ਵੰਡੇ ਗਏ। ਇਸ ਮੌਕੇ ਉਹਨਾਂ ਨਾਲ ਵਿਨੋਦ ਕੁਮਾਰ ਸਰਮਾ, ਸ਼ੰਕਰ ਸਿੰਘ, ਵਿਜੇ ਸਿੰਘ, ਸੰਜੇ ਸਿੰਘ ਤੇ ਗੁਰਪ੍ਰੀਤ ਸਿੰਘ ਹਾਜਰ ਸਨ।

ਸ਼ਹੀਦ ਭਗਤ ਸਿੰਘ ਸੱਭਿਆਚਾਰਕ ਕੇਂਦਰ ਦੀ ਸਰਬਸੰਮਤੀ ਨਾਲ ਚੋਣ ਹੋਈ

ਕੁਹਾੜਾ 28 ਜਨਵਰੀ (ਗੁਰਨਾਮ) ਸ਼ਹੀਦ ਭਗਤ ਸਿੰਘ ਸਭਿਆਚਾਰਕ ਕੇਂਦਰ ਲੁਧਿਆਣਾ ਦੀ ਮੀਟਿੰਗ ਕੁਹਾੜਾ ਵਿਖੇ ਹੋਈ। ਜਿਸ ਵਿੱਚ ਜਿਲ੍ਹੇ ਭਰ ਤੋਂ ਕਲਾਕਾਰ, ਗੀਤਕਾਰ, ਗਾਇਕ, ਲੇਖਕ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ। ਮੀਟਿੰਗ ਵਿੱਚ ਸਰਬਸ਼ੰਮਤੀ ਨਾਲ ਮਨਪ੍ਰੀਤ ਸਿੰਘ ਭਾਮੀਆਂ ਖੁਰਦ, ਰੁਪਿੰਦਰ ਪਾਲ ਸਿੰਘ ਗਿੱਲ, ਜਗਜੀਤ ਸਿੰਘ ਮਾਨ, ਰਾਜਿੰਦਰ ਜੰਡਿਆਲੀ, ਜਰਨੈਲ ਜੱਸੀ ਧਰੋੜ, ਰੁਪਿੰਦਰ ਰਮਨ ਧਰੋੜ, ਗੁਰਜੀਤ ਸਿੰਘ ਭੈਣੀ ਦੁਆਬਾ, ਈਸ਼ ਕੁਮਾਰ ਸਾਹਨੇਵਾਲ ਅਤੇ ਅਮਨਪ੍ਰੀਤ ਸਿੰਘ ਜੰਡਿਆਲੀ ਨੂੰ ਸ਼ਹੀਦ ਭਗਤ ਸਿੰਘ ਸਭਿਆਚਾਰਕ ਕੇਂਦਰ ਦੇ ਐਡਹਾਕ ਕਮੇਟੀ ਮੈਂਬਰ ਚੁਣਿਆ ਗਿਆ। ਰੁਪਿੰਦਰ ਪਾਲ ਸਿੰਘ ਗਿੱਲ ਨੂੰ ਸਰਬਸ਼ੰਮਤੀ ਨਾਲ ਕੇਂਦਰ ਦਾ ਕਨਵੀਨਰ ਨਿਯੁਕਤ ਕੀਤਾ ਗਿਆ। ਮੀਟਿੰਗ ਦੌਰਾਨ ਹੋਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਕਨਵੀਨਰ ਰੁਪਿੰਦਰਪਾਲ ਸਿੰਘ ਗਿੱਲ ਨੇ ਦੱਸਿਆ ਕਿ ਫਰਵਰੀ ਮਹੀਨੇ ਵਿੱਚ ਵਧੀਆ ਸਭਿਆਚਾਰਕ ਪ੍ਰੋਗਰਾਮ ਤਿਆਰ ਕਰਨ ਲਈ ਜਿਸ ਵਿੱਚ ਨਾਟਕ, ਕੋਰੋਗਰਾਫੀਆ, ਗੀਤ ਸੰਗੀਤ ਸ਼ਾਮਲ ਹੈ ਲਈ ਇੱਕ ਵਰਕਸ਼ਾਪ ਦਾ ਅਯੋਜਨ ਕੀਤਾ ਜਾਵੇਗਾ। ਜਿਸ ਵਿੱਚ ਪੰਜਾਬ ਦੇ ਵਧੀਆ ਨਾਟਕ ਨਿਰਦੇਸ਼ਕ ਆ ਕੇ ਕਲਾਕਾਰਾਂ ਨੂੰ ਟ੍ਰੇਨਿੰਗ ਦੇਣਗੇ। ਕੇਂਦਰ ਵੱਲੋਂ ਲੋਕ ਪੱਖੀ ਸਭਿਆਚਾਰ ਦੇ ਪ੍ਰਸਾਰ ਲਈ ਸਕੂਲਾਂ, ਕਾਲਜਾਂ, ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਨੌਜਵਾਨਾਂ ਅਤੇ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀ ਵਿਕਸਤ ਕਰਨ ਲਈ ਘੱਟ ਰੇਟ ਤੇ ਸਾਹਿਤ ਉਪਲੱਬਧ ਕਰਵਾਇਆ ਜਾਵੇਗਾ।

7ਵਾਂ ਹਰਪ੍ਰੀਤ ਯਾਦਗਾਰੀ ਸਾਲਾਨਾ ਕਬੱਡੀ ਕੱਪ 12 ਫ਼ਰਵਰੀ ਤੋਂ

ਮੰਡੀ ਗੋਬਿੰਦਗੜ੍ਹ, 28 ਜਨਵਰੀ (ਵਿਪਨ ਬਾਂਸਲ)- ਬਾਬਾ ਮਾੜੂ ਦਾਸ ਜੀ ਮੈਮੋਰੀਅਲ ਯੂਥ ਸਪੋਰਟਸ ਐਂਡ ਕਲਚਰਲ ਕਲੱਬ (ਰਜਿ:), ਗ੍ਰਾਮ ਪੰਚਾਇਤਾਂ ਅਤੇ ਇਨ੍ਹਾਂ ਪਿੰਡਾਂ ਦੇ ਐਨ.ਆਰ.ਆਈ. ਵੱਲੋਂ 12 ਫਰਵਰੀ ਤੋਂ 14 ਫਰਵਰੀ ਤੱਕ ਸਵਰਗੀ ਸਹਿਕਾਰਤਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੂੰ ਸਮਰਪਿਤ 7ਵਾਂ ਹਰਪ੍ਰੀਤ ਯਾਦਗਾਰੀ ਸਲਾਨਾ ਕਬੱਡੀ ਕੱਪ 12 ਫਰਵਰੀ ਤੋਂ 14 ਫਰਵਰੀ ਤੱਕ ਕਰਵਾਇਆਂ ਜਾ ਰਿਹਾ ਹੈ। ਕਲੱਬ ਦੇ ਵਾਈਸ ਚੇਅਰਮੈਨ ਅਤੇ ਮਿਲਕ ਫੈਡ ਪੰਜਾਬ ਦੇ ਡਾਇਰੈਕਟਰ ਕਰਮਜੀਤ ਸਿੰਘ ਸਲਾਨਾ ਨੇ ਦੱਸਿਆਂ ਕਿ ਇਸ ਟੂਰਨਾਮੈਂਟ ਵਿਚ ਕਬੱਡੀ 35, 40, 45, 50, 60, 70 ਕਿਲੋ ਅਤੇ ਇਕ ਪਿੰਡ ਓਪਨ ਦੇ ਮੁਕਾਬਲੇ ਕਰਵਾਏ ਜਾਣਗੇ। ਇਕ ਪਿੰਡ ਓਪਨ ਦੀ ਜੇਤੂ ਟੀਮ ਨੂੰ ਸ੍ਰੀ ਪਿਆਰਾ ਸਿੰਘ ਅਤੇ ਜਗਤਾਰ ਸਿੰਘ ਕੈਨੇਡਾ ਵੱਲੋਂ 41 ਹਜ਼ਾਰ ਅਤੇ ਦੂਸਰਾ ਸਥਾਨ ਲੈਣ ਵਾਲੀ ਨੂੰ 31 ਹਜ਼ਾਰ ਰੁਪਏ ਦੀ ਨਕਦ ਰਾਸੀ ਅਤੇ ਕਲੱਬ ਵੱਲੋਂ ਯਾਦਗਾਰੀ ਕੱਪ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸੇ ਤਰ੍ਹਾਂ 70 ਕਿਲੋ ਦੀ ਜੇਤੂ ਟੀਮ ਨੂੰ 20 ਹਜ਼ਾਰ ਅਤੇ ਉਪ ਜੇਤੂ ਟੀਮ ਨੂੰ 15 ਹਜ਼ਾਰ ਰੁਪਏ ਦੀ ਰਾਸ਼ੀ ਜਤਿੰਦਰਦੀਪ ਸਿੰਘ ਦੀਪੀ ਹਾਂਗਕਾਂਗ ਵੱਲੋਂ ਦਿੱਤਾ ਜਾਵੇਗਾ। ਬਾਕੀ ਜੇਤੂ ਟੀਮਾਂ ਨੂੰ ਵੀ ਸ਼ਾਨਦਾਰ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਸੁਖਦੇਵ ਸਿੰਘ ਢੀਂਡਸਾ ਅਤੇ ਪੰਜਾਬ ਦੇ ਖਜਾਨਾ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਇਨਾਮ ਤਕਸੀਮ ਕਰਨਗੇ ਜਦੋਂਕਿ ਸਮਾਗਮ ਦੀ ਪ੍ਰਧਾਨਗੀ ਬਨੂੜ ਹਲਕੇ ਦੇ ਵਿਧਾਇਕ ਸ. ਜਸਜੀਤ ਸਿੰਘ ਬੰਨੀ ਕਰਨਗੇ। ਇਸ ਸਮਾਗਮ ਵਿਚ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਬੀਬੀ ਸਤਵਿੰਦਰ ਕੌਰ ਧਾਲੀਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਜਥੇਦਾਰ ਜਗਦੀਪ ਸਿੰਘ ਚੀਮਾ ਵਿਸ਼ੇਸ਼ ਮਹਿਮਾਨ ਵਜੋਂ ਸਿਰਕੱਤ ਕਰਨਗੇ। ਉਨ੍ਹਾਂ ਖੇਡ ਪ੍ਰੇਮੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਝੁੱਗੀ ਝੌਂਪੜੀਆਂ ਦੇ ਬੱਚਿਆਂ ਨੂੰ ਸਕੂਲੀ ਕਿਤਾਬਾਂ, ਕਾਪੀਆਂ ਦੇ ਕੇ ਗਣਤੰਤਰ ਦਿਵਸ ਮਨਾਇਆ

ਕੁਹਾੜਾ 28 ਜਨਵਰੀ (ਗੁਰਨਾਮ) ਭਾਰਤ 'ਚ ਗਣਤੰਤਰ ਦਿਵਸ ਮਨਾਉਦਿਆਂ 60 ਸਾਲ ਬੀਤ ਚੁੱਕੇ ਹਨ। ਕਿਸੇ ਸਿਆਸੀ ਪਾਰਟੀ ਵੱਲੋ ਗਣਤੰਤਰ ਦਿਵਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਤੋ ਇਲਾਵਾ ਹੋਰ ਕੁਝ ਨਹੀ ਕੀਤਾ ਜਾਂਦਾ। ਪਰ ਮਨੁੱਖੀ ਅਧਿਕਾਰ ਸੰਸਥਾ ਵੱਲੋ ਇਸ 61 ਵੇਂ ਗਣਤੰਤਰ ਦਿਵਸ ਮੌਕੇ ਸ਼੍ਰੀ ਆਰ .ਐਸ ਚੌਹਾਨ, ਸ: ਪ੍ਰਸ਼ੋਤਮ ਸਿੰਘ ਫਰਾਲਾ ਅਤੇ ਜਗਜੀਤ ਸਿੰਘ ਮਾਨ ਅਤੇ ਸ੍ਰੀ ਨਵੀਨ ਭਾਰਤੀ ਵੱਲੋ ਇਲਾਕੇ ਦੇ ਝੁਗੀਆਂ ਝੌਂਪੜੀਆਂ ਵਾਲੇ ਜੋ ਸਕੂਲ ਨਾ ਜਾਣ ਦੇ ਅਸਮੱਰਥ ਸਨ ਉਹਨਾਂ ਨੂੰ ਕਿਤਾਬਾਂ ਕਾਪੀਆਂ ਅਤੇ ਮਿਠਾਈਆਂ ਵੰਡ ਕੇ ਗਣਤੰਤਰ ਦਿਵਸ ਮਨਾਇਆ।

ਅੰਤਰ-ਕਾਲਜ ਕੁਇਜ਼ ਮੁਕਾਬਲੇ ਵਿੱਚ ਪਹਿਲਾ ਸਥਾਨ ਯਾਦਵਿੰਦਰਾ ਕਾਲਜ ਦਾ

ਤਲਵੰਡੀ ਸਾਬੋ, 28 ਜਨਵਰੀ (ਰਣਜੀਤ ਸਿੰਘ ਰਾਜੂ)-ਸਥਾਨਿਕ ਗੁਰੂ ਕਾਂਸ਼ੀ ਕਾਲਜ ਵਿਖੇ ਇੱਕ ਅੰਤਰਕਾਲਜ ਕੁਇਜ਼ ਮੁਕਾਬਲਾ ਆਯੋਜਿਤ ਕਰਵਾਇਆ ਗਿਆ। ਇਸ ਵਿੱਚ 10 ਕਾਲਜਾਂ ਦੇ ਕਰੀਬ 30 ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਕੁਇਜ਼ ਮੁਕਾਬਲਿਆਂ ਵਿੱਚ ਸਾਹਿਤ, ਕਲਾ, ਸੰਸਕ੍ਰਿਤੀ, ਵਿਗਿਆਨ, ਰਾਜਨੀਤੀ, ਖੇਡਾਂ ਅਤੇ ਨਵੀਆਂ ਖੋਜਾਂ 'ਤੇ ਆਧਾਰਤ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਡਾ. ਆਨੰਦ ਬਾਂਸਲ ਨੇ ਬੜੀ ਅਹਿਮ ਭੂਮਿਕਾ ਨਿਭਾਈ। ਮੁਕਾਬਲਿਆਂ ਵਿੱਚ ਪ੍ਰੋਫੈਸਰ ਨਵਸੰਗੀਤ ਸਿੰਘ ਪ੍ਰੋਫੈਸਰ ਐੱਮ.ਪੀ. ਸਿੰਘ ਅਤੇ ਪ੍ਰੋ. ਪੀ.ਡੀ. ਅੱਗਰਵਾਲ ਨੇ ਜੱਜਾਂ ਦੀ ਭੂਮਿਕਾ ਨਿਭਾਈ। ਮੁਕਾਬਲਿਆਂ ਵਿੱਚ ਪਹਿਲਾ ਸਥਾਨ ਸਥਾਨਿਕ ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਨੇ ਹਾਸਲ ਕੀਤਾ। ਦੂਜੇ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਕਾਲਜ ਰਿਹਾ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਚੇਤੰਨ ਰਹਿਣ ਦੀ ਪ੍ਰੇਰਣਾ ਵੀ ਦਿੰਦੇ ਹਨ। ਜੇਤੂ ਟੀਮਾਂ ਨੂੰ ਸਰਟੀਫਿਕੇਟ ਅਤੇ ਮੀਮੈਂਟੋ ਪ੍ਰਦਾਨ ਕੀਤੇ ਗਏ।

ਉੱਤਰ ਰੇਲਵੇ

ਖੁੱਲ੍ਹੀ ਟੈਂਡਰ ਸੂਚਨਾ ਨੰ: 17-ਬਿਜਲੀ/2009-10

[illegible]

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਥੋੜ੍ਹੇ ਸਮੇਂ ਦਾ ਟੈਂਡਰ ਨੋਟਿਸ

[illegible] www.nr.indianrail.gov.in [illegible] 22.01.2010 [illegible] 433/ਬਿਜ/ਟੀ/1/09-10 ਮਿਤੀ : 18.01.2010. 616/10

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸਨਮਾਨ ਦੇ ਅਸਲ ਹੱਕਦਾਰ ਸਮਾਗਮ ਤੋਂ ਨਿਰਾਸ਼ ਹੋ ਕੇ ਪਰਤੇ

ਤਲਵੰਡੀ ਸਾਬੋ, 28 ਜਨਵਰੀ (ਰਣਜੀਤ ਸਿੰਘ ਰਾਜੂ)-'ਅੰਨਾ ਵੰਡੇ ਸੀਰਨੀਆ, ਮੁੜ-ਮੁੜ ਆਪਣਿਆਂ ਨੂੰ ਦੇਵੇ' ਦੀ ਕਹਾਵਤ ਉਸ ਵੇਲੇ ਸੱਚ ਸਾਬਤ ਹੁੰਦੀ ਦਿਖਾਈ ਦਿੱਤੀ ਜਦ 61ਵੇਂ ਗਣਤੰਤਰ ਦਿਵਸ ਮੌਕੇ ਸਥਾਨਿਕ ਦਸਮੇਸ਼ ਪਬਲਿਕ ਸਕੂਲ ਵਿਖੇ ਕਰਵਾਏ ਸਮਾਗਮ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਆਪਣੇ ਉਨ੍ਹਾਂ ਮੁਲਾਜ਼ਮਾਂ ਨੂੰ ਤਾਂ ਸਨਮਾਨਿਤ ਕਰ ਦਿੱਤਾ ਗਿਆ, ਜਿਨ੍ਹਾਂ ਦੀ ਕੋਈ ਖਾਸ ਪ੍ਰਾਪਤੀ ਨਹੀਂ ਸੀ, ਪ੍ਰੰਤੂ ਸਨਮਾਨ ਦੇ ਅਸਲ ਹੱਕਦਾਰ ਕਈ ਵਿਦਿਆਰਥੀ ਸਮਾਗਮ ਤੋਂ ਨਿਰਾਸ਼ ਹੋ ਕੇ ਪਰਤੇ। ਇਕੱਤਰ ਜਾਣਕਾਰੀ ਅਨੁਸਾਰ ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਦੋ ਵਿਦਿਆਰਥੀਆਂ ਨੇ ਬੀਤੇ ਦਿਨੀਂ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਮੱਲ੍ਹਾਂ ਮਾਰ ਕੇ ਪੂਰੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਗਿਆ। ਇਨ੍ਹਾਂ ਵਿੱਚੋਂ ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ ਨੇ ਅੰਡਰ 14 ਵਰਗ ਵਿੱਚ ਖੇਡ ਕੇ ਰਾਸ਼ਟਰੀ ਖੇਡਾਂ ਵਿੱਚ ਤੀਜਾ ਸਥਾਨ ਹਾਸਲ ਕੀਤਾ ਤੇ ਜਦੋਂ ਕਿ ਗੁਰਸੇਵਕ ਸਿੰਘ ਪੁੱਤਰ ਗੋਬਿੰਦ ਸਿੰਘ ਨੇ ਅੰਡਰ 17 ਵਰਗ ਵਿੱਚ ਸਟੇਟ ਪੱਧਰ 'ਤੇ ਗੋਲਡ ਮੈਡਲ ਹਾਸਲ ਕੀਤਾ ਅਤੇ ਨੈਸ਼ਨਲ ਖੇਡਾਂ ਵਿੱਚ ਹਿੱਸਾ ਲਿਆ। ਇਨ੍ਹਾਂ ਦੋਹਾਂ ਦੀਆਂ ਇਨ੍ਹਾਂ ਪ੍ਰਾਪਤੀਆਂ ਕਰਕੇ ਸਕੂਲ ਪ੍ਰਬੰਧਕਾਂ ਦੀ ਸੂਚੀ ਵਿੱਚ ਦਰਜ ਕਰਵਾ ਦਿੱਤਾ। ਬੀਤੇ ਕੱਲ੍ਹ ਸੰਪੰਨ ਹੋਏ 26 ਜਨਵਰੀ ਦੇ ਸਮਾਗਮ ਮੌਕੇ ਉਕਤ ਦੋਵੇਂ ਵਿਦਿਆਰਥੀ ਸਮਾਗਮ ਵਿੱਚ ਪੁੱਜੇ ਵੀ, ਪ੍ਰੰਤੂ ਹੱਦ ਉਦੋਂ ਹੋ ਗਈ ਜਦੋਂ ਛੋਟੀਆਂ-ਮੋਟੀਆਂ ਮੱਲਾਂ ਮਾਰਨ ਵਾਲਿਆਂ ਨੂੰ ਤਾਂ ਸਨਮਾਨਿਤ ਕਰ ਦਿੱਤਾ ਗਿਆ, ਪਰੰਤੂ ਵੱਡੀਆਂ ਮੱਲ੍ਹਾਂ ਮਾਰਨ ਵਾਲਿਆਂ ਨੂੰ ਇਨ੍ਹਾਂ ਦੋਹਾਂ ਵਿਦਿਆਰਥੀਆਂ ਨੂੰ ਕਿਸੇ ਨੇ ਪੁੱਛਿਆ ਤੱਕ ਨਾ ਤੇ ਆਖਰ ਸਮਾਗਮ ਖਤਮ ਹੋਣ 'ਤੇ ਦੋਵੇਂ ਨਿਰਾਸ਼ ਹੋ ਕੇ ਵਾਪਸ ਖਾਲੀ ਹੱਥ ਪਰਤ ਆਏ। ਬੱਚਿਆਂ ਦੇ ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਵਿੱਚ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਸਕੂਲ ਦੇ ਮੈਨੇਜਰ ਰਣਜੀਤ ਸਿੰਘ ਨੇ ਕਿਹਾ ਕਿ ਪ੍ਰਸ਼ਾਸਨ ਦੀ ਇਹ ਬਹੁਤ ਵੱਡੀ ਭੁੱਲ ਹੈ ਅਤੇ ਅਜਿਹੀਆਂ ਅਣਗਹਿਲੀਆਂ ਕਾਰਨ ਹੀ ਦੇਸ਼ ਅਤੇ ਸਮਾਜ ਲਈ ਕੁਝ ਕਰ ਗੁਜ਼ਰਨ ਵਾਲੇ ਅਤੇ ਆਪਣੇ ਸ਼ਹਿਰ ਦਾ ਨਾਂਅ ਰੌਸ਼ਨ ਕਰਨ ਦਾ ਜਜ਼ਬਾ ਰੱਖਣ ਵਾਲੇ ਵਿਦਿਆਰਥੀਆਂ ਦਾ ਮਨੋਬਲ ਟੁੱਟਦਾ ਹੈ। ਇਸ ਸੰਬੰਧੀ ਅਸੀਂ ਸੂਚੀ ਵਿੱਚ ਨਾਮ ਦਰਜ ਕਰਵਾਇਆ ਸੀ ਤੇ ਸਮਾਗਮ ਵਾਲੇ ਦਿਨ ਵੀ ਦੋਹਾਂ ਬੱਚਿਆਂ ਬਾਰੇ ਅਧਿਕਾਰੀਆਂ ਨੂੰ ਦੱਸ ਦਿੱਤਾ ਗਿਆ ਸੀ।

ਸੰਪਰਕ ਕਰਨ ਤੇ ਐੱਸ.ਡੀ. ਐੱਮ. ਮਨਮੋਹਨ ਸਿੰਘ ਕੰਗ ਨੇ ਕਿਹਾ ਕਿ ਇਹ ਮਸਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ, ਜੇਕਰ ਕੋਈ ਅਜਿਹੀ ਗੱਲ ਹੈ ਤਾਂ ਇਸ ਦੀ ਜਾਂਚ ਕੀਤੀ ਜਾਵੇਗੀ।

ਲੋਕ ਸੰਪਰਕ ਤੇ ਪੁਲਿਸ ਦੀ ਦੋਗਲੀ ਚਾਲ ਨਾਲ 26 ਜਨਵਰੀ 'ਤੇ ਪ੍ਰੈੱਸ ਨੂੰ ਭਾਰੀ ਪ੍ਰੇਸ਼ਾਨੀ

ਹੁਸ਼ਿਆਰਪੁਰ, 28 ਜਨਵਰੀ (ਕੁਲਦੀਪ ਸਿੰਘ ਪੱਟੀ)-ਲੋਕ ਸੰਪਰਕ ਵਿਭਾਗ ਦੇ ਸਟਾਫ ਦੀਆਂ ਪ੍ਰਸ਼ਾਸਕੀ ਚਲਾਕੀਆਂ ਅਤੇ ਹੁਸ਼ਿਆਰਪੁਰ ਦੇ ਪੱਤਰਕਾਰਾਂ ਦੀਆਂ ਵੱਖ-ਵੱਖ ਧੜੇਬੰਦੀਆਂ ਦੀ ਨਿੱਜੀ ਚੌਧਰ ਲਈ ਡੁੰਗਡੁਗੀ ਵਜਾ ਰਹੀਆਂ ਕਈ ਜਥੇਬੰਦੀਆਂ ਦਾ ਲਾਹਾ ਲੈ ਕੇ 26 ਜਨਵਰੀ ਦੇ ਗਣਤੰਤਰ ਦਿਵਸ ਤੇ ਪੁਲਿਸ ਲਾਈਨ ਦੇ ਹੁਸ਼ਿਆਰਪੁਰ ਗੇਟ 'ਤੇ ਪ੍ਰੈੱਸ ਦੇ ਕਈ ਪੱਤਰਕਾਰਾਂ ਤੇ ਪ੍ਰੈੱਸ ਫੋਟੋਗ੍ਰਾਫਰਾਂ ਨੂੰ ਮੰਤਰੀ ਤੀਕਸ਼ਣ ਸੂਦ ਨੇ ਕੌਮੀ ਝੰਡਾ ਲਹਿਰਾਉਣ ਦੇ ਸਮਾਰੋਹ ਵਿੱਚ ਸ਼ਾਮਲ ਹੋਣ ਸਮੇਂ ਪੁਲਿਸ ਦੇ ਕੁਝ ਅਧਿਕਾਰੀਆਂ ਤੇ ਸਿਪਾਹੀਆਂ ਹੌਲਦਾਰਾਂ ਦੇ ਰੁੱਖੇ ਵਤੀਰੇ ਕਾਰਨ ਪ੍ਰੇਸ਼ਾਨੀ ਹੋਈ। ਇਸ ਪੁਲਿਸ ਦੇ ਵਤੀਰੇ ਸੰਬੰਧੀ ਲੂੰਬੜਚਾਲ ਚੱਲਦਿਆਂ ਇੱਕ ਲੋਕ ਸੰਪਰਕ ਅਫਸਰ ਨੇ ਸਟੇਜ 'ਤੇ ਮਗਰਮੱਛ ਦੇ ਹੰਝੂ ਵਹਾ ਕੇ ਕਹਿੰਦਾ ਸੁਣਿਆ ਗਿਆ ਕਿ ਪ੍ਰੈੱਸ ਨੂੰ ਪੁਲਿਸ ਲਾਈਨ ਗੇਟ 'ਤੇ ਹੋਈ ਪ੍ਰੇਸ਼ਾਨੀ ਲਈ ਅਸੀਂ ਭਵਿੱਖ ਵਿੱਚ ਸੁਚੇਤ ਰਹਾਂਗੇ। ਕੁਝ ਪ੍ਰੈੱਸ ਫੋਟੋਗ੍ਰਾਫਰਾਂ ਨੂੰ ਸੂਦ ਦੇ ਝੰਡਾ ਲਹਿਰਾਉਣ ਤੋਂ ਪਹਿਲਾਂ ਪ੍ਰੈੱਸ ਗੈਲਰੀ ਵਿੱਚ ਪੁਲਿਸ ਦੇ ਵਤੀਰੇ ਵਿਰੁੱਧ ਰੋਸ ਪ੍ਰਗਟ ਕਰਦੇ ਸੁਣਿਆ ਗਿਆ, ਇਹ ਵੀ ਸੂਚਨਾ ਮਿਲੀ ਸੀ ਕਿ ਲੋਕ ਸੰਪਰਕ ਵਿਭਾਗ ਨੂੰ ਪ੍ਰੈੱਸ ਨੇ ਸੱਦਾ ਪੱਤਰ ਭੇਜਣ ਵਿੱਚ ਵਿਤਕਰਾ ਪ੍ਰਸ਼ਾਸਕੀ ਚਲਾਕੀਆਂ, ਰਾਜਸੀ ਧੜੇਬੰਦੀ ਕੀਤੀ, ਜਿਸ ਕਾਰਨ ਪ੍ਰੈੱਸ ਪ੍ਰੇਸ਼ਾਨ ਹੋਈ। ਪੱਤਰਕਾਰਾਂ ਦੀ ਮੰਗ ਸੀ ਕਿ ਲੋਕ ਸੰਪਰਕ ਤੇ ਪੁਲਿਸ ਪ੍ਰੈੱਸ ਪ੍ਰਤੀ ਦੋਗਲੀ ਚਾਲ ਤੁਰੰਤ ਸੁਧਾਰੇ।